ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਸੀਂ ਬੇਹੱਦ ਦੇ ਬਾਪ ਨੂੰ ਯਾਦ ਕਰੋ, ਇਸ ਵਿੱਚ ਹੀ ਗਿਆਨ, ਭਗਤੀ ਅਤੇ ਵੈਰਾਗ ਤਿੰਨੋਂ ਸਮਾਇਆ ਹੋਇਆ ਹੈ, ਇਹ ਹੈ ਨਵੀਂ ਪੜਾਈ"

ਪ੍ਰਸ਼ਨ:- ਸੰਗਮ ਤੇ ਗਿਆਨ ਅਤੇ ਯੋਗ ਦੇ ਨਾਲ - ਨਾਲ ਭਗਤੀ ਵੀ ਚਲਦੀ ਹੈ - ਕਿਵੇਂ?

ਉੱਤਰ:- ਅਸਲ ਵਿਚ ਯੋਗ ਨੂੰ ਭਗਤੀ ਵੀ ਕਹਿ ਸਕਦੇ ਹਾਂ ਕਿਉਂਕਿ ਤੁਸੀ ਬੱਚੇ ਅਵਿਭਚਾਰੀ ਯਾਦ ਵਿੱਚ ਰਹਿੰਦੇ ਹੋ। ਤੁਹਾਡੀ ਇਹ ਯਾਦ ਗਿਆਨ ਸਹਿਤ ਹੈ ਇਸਲਈ ਇਸ ਨੂੰ ਯੋਗ ਕਿਹਾ ਗਿਆ ਹੈ। ਦਵਾਪਰ ਤੋਂ ਸਿਰਫ ਭਗਤੀ ਹੁੰਦੀ, ਗਿਆਨ ਨਹੀਂ ਹੁੰਦਾ, ਇਸਲਈ ਉਸ ਭਗਤੀ ਨੂੰ ਯੋਗ ਨਹੀਂ ਕਿਹਾ ਜਾਂਦਾ। ਉਸ ਵਿੱਚ ਕੋਈ ਐਮ ਆਬਜੈਕਟ ਨਹੀਂ ਹੈ। ਹੁਣ ਤੁਹਾਨੂੰ ਗਿਆਨ ਵੀ ਮਿਲਦਾ ਹੈ, ਯੋਗ ਵੀ ਕਰਦੇ ਫਿਰ ਤੁਹਾਡਾ ਬੇਹੱਦ ਦੀ ਸ੍ਰਿਸ਼ਟੀ ਨਾਲ ਵੈਰਾਗ ਵੀ ਹੈ।

ਗੀਤ:- ਕਿਸੀ ਨੇ ਆਪਣਾ ਬਣਾ ਕੇ...

ਓਮ ਸ਼ਾਂਤੀ। ਬੇਹੱਦ ਦਾ ਬਾਪ ਸਮਝਾਉਂਦੇ ਹਨ - ਸ਼ਾਸਤਰਾਂ ਦੀ ਪੜਾਈ, ਉਹ ਕੋਈ ਪੜਾਈ ਨਹੀਂ ਹੈ ਕਿਉਂਕਿ ਸ਼ਾਸਤਰਾਂ ਦੀ ਪੜਾਈ ਦਾ ਕੋਈ ਐਮ ਆਬਜੈਕਟ ਨਹੀਂ ਹੈ। ਸ਼ਾਸਤਰਾਂ ਤੋਂ ਕੋਈ ਦੁਨੀਆ ਦਾ ਪਤਾ ਨਹੀਂ ਰਹਿੰਦਾ ਹੈ, ਅਮੇਰਿਕਾ ਕਿੱਥੇ ਹੈ, ਕਿਸੇ ਨੇ ਲੱਭਿਆ, ਇਹ ਗੱਲਾਂ ਸ਼ਾਸਤਰਾਂ ਵਿੱਚ ਨਹੀਂ ਹਨ। ਕਹਿੰਦੇ ਹਨ ਫਲਾਣੇ ਨੇ ਲੱਭੀ। ਦੂਸਰੇ ਇਲਾਕੇ ਲਭਦੇ ਹਨ ਆਪਣੇ ਰਹਿਣ ਲਈ। ਵੇਖਿਆ ਮਨੁੱਖ ਬਹੁਤ ਹੋ ਗਏ ਹਨ, ਰਹਿਣ ਲਈ ਜ਼ਮੀਨ ਤਾਂ ਚਾਹੀਦੀ ਹੈ ਨਾ। ਹੁਣ ਇਹ ਸਭ ਗੱਲਾਂ ਪੜਾਈ ਦੀਆਂ ਹਨ, ਉਸ ਨੂੰ ਐਜੂਕੇਸ਼ਨ ਕਿਹਾ ਜਾਂਦਾ ਹੈ। ਤੁਹਾਡਾ ਵੀ ਇਹ ਐਜੂਕੇਸ਼ਨ ਹੈ। ਇਸਨੂੰ ਆਸ਼ਰਮ ਕਹੋ ਜਾਂ ਇੰਸਟੀਟਿਊਸ਼ਨ ਕਹੋ ਜਾਂ ਯੂਨੀਵਰਸਿਟੀ ਕਹੋ? ਇਸ ਵਿੱਚ ਸਭ ਆ ਜਾਂਦਾ ਹੈ। ਉਸ ਪੜਾਈ ਦੇ ਨਕਸ਼ੇ ਆਦਿ ਹੋਰ ਹਨ। ਸ਼ਾਸਤਰਾਂ ਤੋਂ ਰੌਸ਼ਨੀ ਨਹੀਂ ਮਿਲਦੀ, ਪੜਾਈ ਨਾਲ ਰੌਸ਼ਨੀ ਮਿਲਦੀ ਹੈ। ਤੁਹਾਡੀ ਵੀ ਪੜਾਈ ਹੈ। ਬੈਕੁੰਠ ਕਿਸ ਨੂੰ ਕਿਹਾ ਜਾਂਦਾ ਹੈ? ਇਹ ਨਾ ਉਸ ਪੜਾਈ ਵਿਚ ਹੈ, ਨਾ ਸ਼ਾਸਤਰਾਂ ਦੀ ਪੜਾਈ ਵਿਚ ਹੈ। ਇਹ ਨਾਲੇਜ ਹੀ ਨਵੀਂ ਹੈ ਜੋ ਇੱਕ ਬਾਪ ਹੀ ਦੱਸਦੇ ਹਨ। ਮਨੁੱਖ ਤਾਂ ਕਹਿ ਦਿੰਦੇ ਸਵਰਗ ਨਰਕ ਇੱਥੇ ਹੀ ਹੈ। ਬਾਪ ਹੀ ਸਮਝਾਉਂਦੇ ਹਨ ਸਵਰਗ - ਨਰਕ ਕਿਸ ਨੂੰ ਕਿਹਾ ਜਾਂਦਾ ਹੈ? ਇਹ ਗੱਲਾਂ ਨਾ ਸ਼ਾਸਤਰਾਂ ਵਿੱਚ ਹਨ, ਨਾ ਉਸ ਐਜੂਕੇਸ਼ਨ ਵਿੱਚ ਹੈ। ਤਾਂ ਨਵੀਆਂ ਗੱਲਾਂ ਹੋਣ ਦੇ ਕਾਰਣ ਮਨੁੱਖ ਮੂੰਝਦੇ ਹਨ, ਕਹਿੰਦੇ ਹਨ ਅਜਿਹਾ ਗਿਆਨ ਤੇ ਕਦੇ ਸੁਣਿਆ ਨਹੀਂ। ਇਹ ਤਾਂ ਨਵੀਆਂ ਵੰਡਰਫੁੱਲ ਗੱਲਾਂ ਹਨ ਜੋ ਕਦੇ ਕਿਸੇ ਨੇ ਨਹੀਂ ਸੁਣਾਈਆਂ ਹਨ। ਹਨ ਵੀ ਬਰੋਬਰ ਨਵੀਆਂ ਗੱਲਾਂ। ਨਾ ਉਸ ਐਜੂਕੇਸ਼ਨ ਵਾਲੇ ਸੁਣਾ ਸਕਦੇ, ਨਾ ਸੰਨਿਆਸੀ ਆਦਿ ਸੁਣਾ ਸਕਦੇ, ਇਸਲਈ ਪਰਮਪਿਤਾ ਪਰਮਾਤਮਾ ਨੂੰ ਹੀ ਗਿਆਨ ਦਾ ਸਾਗਰ ਕਿਹਾ ਜਾਂਦਾ ਹੈ। ਬੇਹੱਦ ਦੀ ਹਿਸਟ੍ਰੀ - ਜੋਗ੍ਰਾਫੀ ਵੀ ਸਮਝਾਉਂਦੇ ਹਨ। ਗਿਆਨ ਨਾਲ ਸਵਰਗ ਅਤੇ ਨਰਕ ਦਾ ਵਿਸਤਾਰ ਵੀ ਸੁਣਾਉਂਦੇ ਹਨ। ਇਹ ਨਵੀਆਂ ਗੱਲਾਂ ਹਨ ਨਾ। ਇਸ ਪੜਾਈ ਵਿੱਚ ਸਭ ਕੁਝ ਹੈ - ਗਿਆਨ ਵੀ ਹੈ, ਯੋਗ ਵੀ ਹੈ, ਪੜਾਈ ਵੀ ਹੈ, ਭਗਤੀ ਵੀ ਹੈ। ਯੋਗ ਨੂੰ ਭਗਤੀ ਵੀ ਕਹਿ ਸਕਦੇ ਹਾਂ ਕਿਉਂਕਿ ਇੱਕ ਦੇ ਨਾਲ ਯੋਗ ਲਗਾਉਣਾ ਉਨ੍ਹਾਂ ਨੂੰ ਯਾਦ ਕਰਨਾ ਹੁੰਦਾ ਹੈ। ਉਹ ਭਗਤ ਲੋਕ ਵੀ ਯਾਦ ਕਰਦੇ ਹਨ, ਪੂਜਾ ਕਰਦੇ ਹਨ, ਗਾਉਂਦੇ ਹਨ। ਉਹ ਭਗਤੀ ਕਰਨਾ ਕੋਈ ਯੋਗ ਨਹੀਂ ਕਹਾਂਗੇ। ਸਮਝੋ, ਜਿਵੇਂ ਮੀਰਾ ਸੀ, ਸ਼੍ਰੀਕ੍ਰਿਸ਼ਨ ਦੇ ਨਾਲ ਯੋਗ ਲਗਾਉਂਦੀ ਸੀ, ਉਨ੍ਹਾਂ ਨੂੰ ਯਾਦ ਕਰਦੀ ਸੀ ਪ੍ਰੰਤੂ ਉਸਨੂੰ ਭਗਤੀ ਕਿਹਾ ਜਾਂਦਾ। ਉਨ੍ਹਾਂ ਦੀ ਬੁੱਧੀ ਵਿੱਚ ਕੋਈ ਐਮ ਆਬਜੈਕਟ ਨਹੀਂ ਹੈ। ਇਸ ਨੂੰ ਗਿਆਨ ਵੀ ਕਹਿੰਦੇ। ਯੋਗ ਲਗਾਉਂਦੇ ਹਨ, ਇੱਕ ਨੂੰ ਯਾਦ ਕਰਦੇ ਹਨ। ਸਤਿਯੁਗ ਵਿੱਚ ਨਾ ਭਗਤੀ ਹੁੰਦੀ, ਨਾ ਗਿਆਨ। ਸੰਗਮ ਤੇ ਗਿਆਨ ਅਤੇ ਭਗਤੀ ਦੋਵੇਂ ਹੀ ਹਨ ਅਤੇ ਦਵਾਪਰ ਤੋਂ ਲੈਕੇ ਸਿਰਫ ਭਗਤੀ ਚਲਦੀ ਆਈ ਹੈ। ਕਿਸੇ ਨੂੰ ਯਾਦ ਕਰਨਾ, ਉਸਨੂੰ ਭਗਤੀ ਕਹਿੰਦੇ। ਇੱਥੇ ਇਹ ਗਿਆਨ ਵੀ ਹੈ, ਯੋਗ ਵੀ ਹੈ, ਭਗਤੀ ਵੀ ਹੈ। ਸਮਝ ਸਕਦੇ ਹਨ। ਉਹ ਸਿਰਫ ਭਗਤ ਹਨ, ਤੱਤਵ ਨਾਲ ਯੋਗ ਲਗਾਉਂਦੇ ਹਨ। ਪ੍ਰੰਤੂ ਉਨ੍ਹਾਂ ਦਾ ਹੈ ਕਈਆਂ ਨਾਲ ਯੋਗ, ਇਸਲਈ ਉਨ੍ਹਾਂ ਨੂੰ ਭਗਤ ਕਹਿੰਦੇ। ਤੁਹਾਡਾ ਹੈ ਅਵਿਭਚਾਰੀ ਯੋਗ। ਇਹ ਗਿਆਨ ਸਾਗਰ ਖੁਦ ਬੈਠ ਪੜਾਉਂਦੇ ਹਨ। ਉਨ੍ਹਾਂ ਨਾਲ ਯੋਗ ਲਗਾਉਣਾ ਹੁੰਦਾ ਹੈ। ਉਹ ਤਾਂ ਆਤਮਾ ਨੂੰ ਹੀ ਨਹੀਂ ਜਾਣਦੇ। ਅਸੀਂ ਤਾਂ ਜਾਣਦੇ ਹਾਂ। ਪਰਮਪਿਤਾ ਪ੍ਰਮਾਤਮਾ ਦੇ ਨਾਲ ਬੁੱਧੀ ਯੋਗ ਲਗਾਉਣ ਤੇ ਅਸੀ ਬਾਪ ਦੇ ਕੋਲ ਚਲੇ ਜਾਵਾਂਗੇ। ਉਹ ਹਨੂੰਮਾਨ ਨੂੰ ਯਾਦ ਕਰਦੇ ਹਨ, ਤਾਂ ਉਨ੍ਹਾਂ ਦਾ ਸਾਖਸ਼ਾਤਕਾਰ ਹੋ ਜਾਂਦਾ, ਉਨ੍ਹਾਂ ਨੂੰ ਵਿਭਚਾਰੀ ਕਿਹਾ ਜਾਂਦਾ। ਇਹ ਹੈ ਅਵਿਭਚਾਰੀ ਯੋਗ। ਸਿਰਫ ਇੱਕ ਬਾਪ ਨੂੰ ਯਾਦ ਕਰਨਾ ਹੈ ਤਾਂ ਇਸ ਵਿੱਚ ਗਿਆਨ, ਭਗਤੀ, ਵੈਰਾਗ ਸਭ ਇੱਕਠੇ ਹਨ। ਅਤੇ ਉਹ ਉਨ੍ਹਾਂ ਦਾ ਸਭ ਵੱਖ - ਵੱਖ ਹੈ। ਭਗਤੀ ਵੱਖ, ਗਿਆਨ ਵੀ ਸਿਰਫ ਸ਼ਾਸਤਰਾਂ ਦਾ ਹੈ, ਵੈਰਾਗ ਵੀ ਹੱਦ ਦਾ ਹੈ। ਇੱਥੇ ਬੇਹੱਦ ਦੀ ਗੱਲ ਹੈ, ਅਸੀਂ ਬੇਹੱਦ ਦੇ ਬਾਪ ਨੂੰ ਜਾਣਦੇ ਹਾਂ ਇਸਲਈ ਉਨ੍ਹਾਂ ਨੂੰ ਯਾਦ ਕਰਦੇ ਹਨ। ਉਹ ਭਾਵੇਂ ਸ਼ਿਵ ਨੂੰ ਯਾਦ ਕਰਦੇ ਪ੍ਰੰਤੂ ਵਿਕਰਮ ਵਿਨਾਸ਼ ਨਹੀਂ ਹੋਣਗੇ, ਕਿਉਂਕਿ ਉਹ ਆਕੂਪੇਸ਼ਨ ਨੂੰ ਨਹੀਂ ਜਾਣਦੇ। ਵਿਕਰਮ ਵਿਨਾਸ਼ ਹੋਣ ਦਾ ਗਿਆਨ ਹੀ ਨਹੀਂ। ਇੱਥੇ ਤਾਂ ਬਾਪ ਦੀ ਯਾਦ ਨਾਲ ਵਿਕਰਮ ਵਿਨਾਸ਼ ਹੁੰਦੇ ਹਨ। ਉੱਥੇ ਕਾਸ਼ੀ ਕਲਵਟ ਖਾਂਦੇ ਹਨ, ਤਾਂ ਵਿਕਰਮ ਵਿਨਾਸ਼ ਹੁੰਦੇ ਹਨ। ਭੋਗਣਾ ਭੋਗਣੀ ਪੈਂਦੀ ਹੈ। ਪ੍ਰੰਤੂ ਇਵੇਂ ਨਹੀਂ ਕਿ ਤੁਹਾਡੇ ਮੁਆਫਿਕ ਹੌਲੀ - ਹੌਲੀ ਕਰਮਾਤੀਤ ਬਣਦੇ ਹਨ। ਨਹੀਂ, ਉਨ੍ਹਾਂ ਦੇ ਵਿਕਰਮ ਸਜਾਵਾਂ ਖਾਂਦੇ - ਖਾਂਦੇ ਖਤਮ ਹੁੰਦੇ ਹਨ, ਮਾਫ਼ ਨਹੀਂ ਹੋ ਜਾਂਦੇ। ਤਾਂ ਇਹ ਪੜਾਈ ਵੀ ਹੈ, ਗਿਆਨ ਵੀ ਹੈ, ਯੋਗ ਵੀ ਹੈ ਇਸ ਵਿਚ ਸਭ ਹੈ। ਸਿਖਾਉਣ ਵਾਲਾ ਇੱਕ ਹੀ ਬਾਪ ਹੈ। ਇਸਨੂੰ ਆਸ਼ਰਮ ਅਤੇ ਇੰਸਟੀਟਿਊਟ ਕਿਹਾ ਜਾਂਦਾ ਹੈ। ਲਿਖਿਆ ਹੋਇਆ ਬੜਾ ਚੰਗਾ ਹੈ। ਅੱਗੇ ਓਮ ਮੰਡਲੀ ਨਾਮ ਰਾਂਗ ਸੀ। ਹੁਣੇ ਸਮਝ ਆਈ ਹੈ। ਇਹ

ਨਾਮ ਬਿਲਕੁਲ ਚੰਗਾ ਹੈ। ਕਿਸੇ ਨੂੰ ਵੀ ਸਮਝਾ ਸਕਦੇ ਹੋ ਕਿ ਬ੍ਰਹਮਾਕੁਮਾਰ ਤਾਂ ਤੁਸੀਂ ਵੀ ਹੋ। ਬਾਪ ਹੈ ਸਭ ਦਾ ਰਚਿਯਤਾ, ਉਨ੍ਹਾਂ ਨੂੰ ਪਹਿਲੇ - ਪਹਿਲੇ ਸੂਖਸ਼ਮ ਵਤਨ ਰਚਨਾ ਹੈ। ਬ੍ਰਹਮਾ, ਵਿਸ਼ਨੂੰ, ਸ਼ੰਕਰ ਹਨ ਸੂਖਸ਼ਮਵਤਨਵਾਸੀ, ਨਵੀਂ ਸ੍ਰਿਸ਼ਟੀ ਰਚਦੇ ਹਨ ਤਾਂ ਜਰੂਰ ਪ੍ਰਜਾਪਿਤਾ ਬ੍ਰਹਮਾ ਚਾਹੀਦਾ ਹੈ। ਸੂਖਸ਼ਮਵਤਨ ਵਾਲਾ ਤੇ ਇੱਥੇ ਆ ਨਹੀਂ ਸਕਦਾ। ਉਹ ਹੈ ਸੰਪੂਰਨ ਅਵਿਆਕਤ। ਇੱਥੇ ਤਾਂ ਸਾਕਾਰ ਬ੍ਰਹਮਾ ਚਾਹੀਦਾ ਹੈ ਨਾ। ਉਹ ਕਿੱਥੋਂ ਤੋਂ ਆਏ? ਮਨੁੱਖ ਇਨ੍ਹਾਂ ਗੱਲਾਂ ਨੂੰ ਸਮਝ ਨਹੀਂ ਸਕਦੇ। ਚਿੱਤਰ ਤੇ ਹਨ ਨਾ। ਬ੍ਰਹਮਾ ਤੋਂ ਬ੍ਰਾਹਮਣ ਪੈਦਾ ਹੋਏ। ਪ੍ਰੰਤੂ ਬ੍ਰਹਮਾ ਆਏ ਕਿੱਥੋਂ ਤੋਂ। ਫਿਰ ਅਡੋਪਸ਼ਨ ਹੁੰਦੀ ਹੈ। ਜਿਵੇਂ ਕਿਸੇ ਰਾਜੇ ਦੇ ਬੱਚਾ ਨਹੀਂ ਹੁੰਦਾ ਤਾਂ ਅਡੋਪਟ ਕਰਦੇ ਹਨ। ਬਾਪ ਵੀ ਇਨ੍ਹਾਂ ਨੂੰ ਅਡੋਪਟ ਕਰਦੇ ਹਨ ਫਿਰ ਨਾਮ ਬਦਲਕੇ ਰੱਖਦੇ ਹਨ - ਪ੍ਰਜਾਪਿਤਾ ਬ੍ਰਹਮਾ। ਉਹ ਉੱਪਰ ਵਾਲਾ ਤੇ ਹੇਠਾਂ ਆ ਨਹੀਂ ਸਕਦਾ। ਹੇਠਾਂ ਵਾਲੇ ਨੂੰ ਉੱਪਰ ਜਾਣਾ ਹੈ। ਉਹ ਹੈ ਅਵਿਅਕਤ, ਇਹ ਹੈ ਵਿਅਕਤ। ਤਾਂ ਇਸ ਭੇਦ ਨੂੰ ਵੀ ਚੰਗੀ ਤਰ੍ਹਾਂ ਸਮਝਣਾ ਹੈ ਕਿਉਂਕਿ ਸਭ ਦਾ ਪ੍ਰਸ਼ਨ ਉੱਠਦਾ ਹੈ। ਕਹਿੰਦੇ ਹਨ ਦਾਦਾ ਨੂੰ ਵੀ ਕਦੇ ਬ੍ਰਹਮਾ, ਕਦੇ ਭਗਵਾਨ, ਕਦੇ ਕ੍ਰਿਸ਼ਨ ਕਹਿੰਦੇ ਹਨ...। ਹੁਣ ਇਨ੍ਹਾਂ ਨੂੰ ਭਗਵਾਨ ਤੇ ਕਿਹਾ ਨਹੀਂ ਜਾਂਦਾ। ਬਾਕੀ ਬ੍ਰਹਮਾ ਅਤੇ ਸ਼੍ਰੀਕ੍ਰਿਸ਼ਨ ਨੂੰ ਤਾਂ ਕਹਿ ਸਕਦੇ ਹਾਂ ਕਿਉਂਕਿ ਸ਼੍ਰੀਕ੍ਰਿਸ਼ਨ ਸੁੰਦਰ ਤੋਂ ਸ਼ਾਮ ਬਣਦਾ ਹੈ ਤਾਂ ਜਦ ਰਾਤ ਹੈ ਤਾਂ ਕਹਾਂਗੇ ਬ੍ਰਹਮਾ, ਜਦ ਦਿਨ ਹੈ ਤਾਂ ਕਹਾਂਗੇ ਸ਼੍ਰੀਕ੍ਰਿਸ਼ਨ। ਸ਼੍ਰੀਕ੍ਰਿਸ਼ਨ ਦੀ ਆਤਮਾ ਦਾ ਹੁਣ ਇਹ ਅੰਤਿਮ ਜਨਮ ਹੈ ਅਤੇ ਇਹ ਸ਼੍ਰੀਕ੍ਰਿਸ਼ਨ ਹੈ ਆਦਿ ਦਾ ਜਨਮ। ਇਹ ਕਲੀਅਰ ਕਰ ਲਿਖਣਾ ਪਵੇ। 84 ਜਨਮ ਰਾਧੇ - ਕ੍ਰਿਸ਼ਨ ਦੇ ਜਾਂ ਲਕਸ਼ਮੀ - ਨਾਰਾਇਣ ਦੇ ਦੱਸਣੇ ਪੈਂਦੇ। ਇੱਥੇ ਫਿਰ ਉਨ੍ਹਾਂ ਨੂੰ ਅਡੋਪਟ ਕਰਦੇ ਹਨ। ਤਾਂ ਬ੍ਰਹਮਾ ਦਾ ਦਿਨ ਅਤੇ ਬ੍ਰਹਮਾ ਦੀ ਰਾਤ ਹੋ ਜਾਂਦੀ। ਉਹ ਹੀ ਫਿਰ ਲਕਸ਼ਮੀ - ਨਾਰਾਇਣ ਦਾ ਦਿਨ ਅਤੇ ਰਾਤ। ਉਨ੍ਹਾਂ ਦੀ ਵੰਸ਼ਾਵਲੀ ਦਾ ਵੀ ਇਵੇਂ ਹੀ ਹੋਇਆ।

ਤੁਸੀਂ ਹੁਣ ਬ੍ਰਾਹਮਣ ਕੁਲ ਦੇ ਹੋ ਫਿਰ ਦੇਵਤਾ ਕੁਲ ਦੇ ਬਣੋਗੇ। ਤਾਂ ਬ੍ਰਹਮਾਕੁਮਾਰ - ਕੁਮਾਰੀਆਂ ਦਾ ਵੀ ਦਿਨ ਅਤੇ ਰਾਤ ਹੋਇਆ ਨਾ। ਇਹ ਬੜੀਆਂ ਸਮਝਣ ਦੀਆਂ ਗੱਲਾਂ ਹਨ। ਚਿੱਤਰਾਂ ਵਿੱਚ ਵੀ ਕਲੀਅਰ ਹੈ - ਹੇਠਾਂ ਤਪੱਸਿਆ ਕਰ ਰਹੇ ਹਨ, ਅੰਤਿਮ ਜਨਮ ਹੈ। ਬ੍ਰਹਮਾ ਆਵੇ ਕਿੱਥੋਂ ਦੀ? ਕਿਸ ਤੋਂ ਪੈਦਾ ਹੋਣ? ਤਾਂ ਬ੍ਰਹਮਾ ਨੂੰ ਅਡੋਪਟ ਕਰਦੇ ਹਨ। ਜਿਵੇਂ ਰਾਜੇ ਅਡੋਪਟ ਕਰਦੇ ਹਨ, ਫਿਰ ਉਨ੍ਹਾਂ ਨੂੰ ਰਾਜਕੁਮਾਰ ਕਹਿੰਦੇ ਹਨ। ਟਰਾਂਸਫਰ ਕਰ ਦਿੰਦੇ ਹਨ - ਪ੍ਰਿੰਸ ਆਫ ਫਲਾਣਾ। ਪਹਿਲੇ ਤਾਂ ਪ੍ਰਿੰਸ ਨਹੀਂ ਸੀ। ਰਾਜੇ ਨੇ ਅਡੋਪਟ ਕੀਤਾ ਤਾਂ ਨਾਮ ਪਿਆ ਪ੍ਰਿੰਸ। ਇਹ ਰਸਮ ਚਲਦੀ ਆਈ ਹੈ। ਬੱਚਿਆਂ ਨੂੰ ਇਹ ਬੁੱਧੀ ਵਿੱਚ ਆਉਣਾ ਚਾਹੀਦਾ ਹੈ। ਦੁਨੀਆ ਨਹੀਂ ਜਾਣਦੀ ਕਿ ਬਾਪ ਕਿਵੇਂ ਪੁਰਾਣੀ ਦੁਨੀਆ ਦਾ ਵਿਨਾਸ਼ ਅਤੇ ਨਵੀਂ ਦੁਨੀਆ ਦੀ ਸਥਾਪਨਾ ਕਰਦੇ ਹਨ? ਇਹ ਰੌਸ਼ਨੀ ਤੁਸੀਂ ਬੱਚਿਆਂ ਨੂੰ ਹੈ। ਤੁਹਾਡੇ ਵਿੱਚ ਵੀ ਨੰਬਰਵਾਰ ਹਨ। ਅੱਗੇ ਚੱਲਕੇ ਛੋਟੀਆਂ - ਛੋਟੀਆਂ ਬੱਚੀਆਂ ਵੀ ਬਹੁਤ ਤਿੱਖੀਆਂ ਹੁੰਦੀਆਂ ਜਾਣਗੀਆਂ ਕਿਉਂਕਿ ਕੁਮਾਰੀਆਂ ਹਨ। ਲਿਖਿਆ ਹੋਇਆ ਵੀ ਹੈ ਕਿ ਕੁਮਾਰੀਆਂ ਦਵਾਰਾ ਬਾਣ ਮਰਵਾਏ। ਕੁਮਾਰੀਆਂ ਦਾ ਚਮਤਕਾਰ ਨੰਬਰਵਨ ਵਿੱਚ ਗਿਆ ਹੈ। ਮੰਮਾ ਵੀ ਕੁਮਾਰੀ ਹੈ, ਸਭ ਤੋਂ ਤਿੱਖੀ ਗਈ ਹੈ। ਕਿਹਾ ਜਾਂਦਾ ਹੈ ਡਾਟਰ ਸ਼ੋਜ ਮਦਰ। ਮਦਰ ਤਾਂ ਨਹੀਂ ਬੈਠ ਕਿਸ ਨਾਲ ਗੱਲ ਕਰੇਗੀ। ਇਹ ਮਾਂ ਤਾਂ ਹੋ ਗਈ ਗੁਪਤ, ਉਹ ਮੰਮਾ ਹੈ ਪ੍ਰਤੱਖ। ਤਾਂ ਤੁਸੀਂ ਸ਼ਕਤੀਆਂ ਅਤੇ ਬੱਚਿਆਂ ਦਾ ਕੰਮ ਹੈ ਮਾਂ ਦਾ ਸ਼ੋ ਕਰਨਾ। ਬਹੁਤ ਚੰਗੀਆਂ - ਚੰਗੀਆਂ ਬੱਚੀਆਂ ਵੀ ਹਨ, ਜਿਨ੍ਹਾਂ ਦਾ ਪੁਰਸ਼ਾਰਥ ਚੰਗਾ ਚਲਦਾ ਹੈ। ਕੌਰਵ ਸੰਪ੍ਰਦਾਇ ਵਿੱਚ ਵੀ ਕਿਸੇ ਦੇ ਮੁੱਖ ਨਾਮ ਹਨ ਨਾ, ਜੋ ਮਹਾਰਥੀ ਹਨ। ਇੱਥੇ ਵੀ ਮਹਾਰਥੀਆਂ ਦੇ ਨਾਮ ਹਨ। ਸਭ ਤੋਂ ਵੱਡਾ ਹੈ ਸ਼ਿਵਬਾਬਾ। ਉੱਚ ਤੇ ਉੱਚ ਭਗਵਾਨ। ਉਨ੍ਹਾਂ ਦਾ ਉੱਚਾ ਠਾਂਵ ਹੈ। ਅਸਲ ਵਿੱਚ ਠਾਂਵ ( ਰਹਿਣ ਦੇ ਸਥਾਨ ) ਤਾਂ ਸਾਡਾ ਆਤਮਾਵਾਂ ਦਾ ਵੀ ਉੱਚ ਹੈ। ਮਨੁੱਖ ਤਾਂ ਸਿਰਫ ਮਹਿਮਾ ਕਰਦੇ ਰਹਿੰਦੇ, ਜਾਣਦੇ ਕੁਝ ਵੀ ਨਹੀਂ ਹਨ। ਅਸੀਂ ਆਤਮਾਵਾਂ ਵੀ ਉੱਥੇ ਰਹਿਣ ਵਾਲੀਆਂ ਹਾਂ। ਪ੍ਰੰਤੂ ਸਾਨੂੰ ਜਨਮ - ਮਰਨ ਵਿੱਚ ਆਕੇ ਪਾਰਟ ਵਜਾਉਣਾ ਹੈ। ਉਹ ਜਨਮ - ਮਰਨ ਵਿੱਚ ਨਹੀਂ ਆਉਂਦੇ, ਪਾਰਟ ਉਨ੍ਹਾਂ ਦਾ ਵੀ ਹੀ, ਪ੍ਰੰਤੂ ਕਿਵੇਂ ਹੈ - ਇਹ ਵੀ ਤੁਸੀਂ ਜਾਣਦੇ ਹੋ। ਹੁਣ ਤੁਸੀਂ ਬੱਚੇ ਸਮਝਦੇ ਹੋ ਇਹ ਸ਼ਿਵਬਾਬਾ ਦਾ ਰਥ ਹੈ। ਅਸ਼ਵ ਜਾਂ ਘੋੜਾ ਵੀ ਹੈ। ਬਾਕੀ ਉਹ ਘੋੜਾ - ਗੱਡੀ ਨਹੀਂ ਹੈ। ਇਹ ਵੀ ਜੋ ਭੁੱਲੇ ਹੋਏ ਹਨ, ਇਹ ਡਰਾਮੇ ਵਿੱਚ ਨੂੰਧ ਹੈ। ਅਧਾਕਲਪ ਅਸੀਂ ਵੀ ਭੁੱਲ ਵਿੱਚ ਭਟਕਦੇ - ਭਟਕਦੇ ਇੱਕਦਮ ਭਟਕ ਜਾਂਦੇ ਹਾਂ। ਹੁਣ ਰੌਸ਼ਨੀ ਮਿਲੀ ਹੈ ਤਾਂ ਬਹੁਤ ਖ਼ਬਰਦਾਰ ਹੋ ਗਏ ਹਨ। ਜਾਣਦੇ ਹੋ ਇਹ ਪੁਰਾਣੀ ਦੁਨੀਆ ਖਤਮ ਹੋਣੀ ਹੈ, ਸਾਨੂੰ ਨਸ਼ਟੋਮੋਹਾ ਬਣਨਾ ਹੈ। ਕਮਲ ਫੁੱਲ ਸਮਾਨ ਗ੍ਰਹਿਸਥ ਵਿਵਹਾਰ ਵਿਚ ਰਹਿੰਦੇ ਨਸ਼ਟੋਮੋਹਾ ਬਣਨ ਦਾ ਪੁਰਸ਼ਾਰਥ ਕਰਨਾ ਹੈ। ਤੋੜ ਤਾਂ ਸਭ ਨਾਲ ਨਿਭਾਉਣਾ ਹੈ, ਨਾਲ ਵੀ ਰਹਿਣਾ ਹੈ। ਇਹ ਭੱਠੀ ਵੀ ਬਣਨੀ ਸੀ, ਜਿਵੇਂ ਕਲਪ ਪਹਿਲੇ ਬਣੀ ਸੀ। ਹੁਣ ਤਾਂ ਕਹਿੰਦੇ ਹਨ ਗ੍ਰਹਿਸਥ ਵਿੱਚ ਰਹਿ ਮਿਹਨਤ ਕਰਨੀ ਹੈ। ਇੱਥੇ ਘਰ ਬਾਰ ਛੱਡਣ ਦੀ ਗੱਲ ਹੀ ਨਹੀਂ। ਅਸੀਂ ਤਾਂ ਘਰ ਵਿਚ ਬੈਠੇ ਹਾਂ ਨਾ। ਕਿੰਨੇ ਬੱਚੇ ਹਨ। ਲੌਕਿਕ ਵੀ ਸਨ ਨਾ। ਛੱਡਿਆ ਕੁਝ ਵੀ ਨਹੀਂ ਹੈ। ਸੰਨਿਆਸੀ ਤਾਂ ਜੰਗਲ ਵਿਚ ਚਲੇ ਜਾਂਦੇ ਹਨ। ਅਸੀਂ ਤਾਂ ਸ਼ਹਿਰ ਵਿਚ ਬੈਠੇ ਹਾਂ। ਤਾਂ ਉਨ੍ਹਾਂ ਨਾਲ ਤੋੜ ਨਿਭਾਉਣ ਹੈ। ਬਾਪ ਦੀ ਰਚਨਾ ਹੈ। ਬਾਪ ਕਮਾਕੇ ਬੱਚਿਆਂ ਨੂੰ ਵਰਸਾ ਦਿੰਦੇ ਹਨ। ਪਹਿਲੇ ਤਾਂ ਵਰਸਾ ਦਿੰਦੇ ਹਨ ਕਾਮ ਵਿਕਾਰ ਦਾ। ਫਿਰ ਉਸ ਤੋਂ ਛੁਡਾਕੇ ਨਿਰਵਿਕਾਰੀ ਬਨਾਉਣਾ ਬਾਪ ਦਾ ਹੀ ਕੰਮ ਹੈ। ਇਵੇਂ ਵੀ ਹੁੰਦਾ ਹੈ ਕਿਧਰੇ ਬੱਚੇ ਮਾਂ - ਬਾਪ ਨੂੰ ਗਿਆਨ ਦਿੰਦੇ ਹਨ, ਕਿਧਰੇ ਬਾਪ ਬੱਚਿਆਂ ਨੂੰ ਗਿਆਨ ਦਿੰਦੇ ਹਨ।

ਇਹ ਹੈ ਹੀ ਰਾਜਯੋਗ, ਉਹ ਹੈ ਹਠਯੋਗ। ਆਤਮਾ ਨੂੰ ਨਾਲੇਜ਼ ਮਿਲਦੀ ਹੈ ਪਰਮਾਤਮਾ ਤੋਂ। ਮੈਂ ( ਬ੍ਰਹਮਾ) ਰਾਜਿਆਂ ਦਾ ਰਾਜਾ ਸੀ, ਹੁਣ ਰੰਕ ਬਣਿਆ ਹਾਂ। ਰੰਕ ਤੋਂ ਰਾਵ ਗਾਇਆ ਹੋਇਆ ਹੈ। ਬੱਚੇ ਜਾਣਦੇ ਹਨ ਅਸੀਂ ਜੋ ਸੂਰਜਵੰਸ਼ੀ ਸੀ, ਹੁਣ ਸ਼ੂਦ੍ਰਵੰਸ਼ੀ ਬਣੇ ਹਾਂ। ਇਹ ਵੀ ਸਮਝਾਉਣਾ ਪੈਂਦਾ ਹੈ - ਨਰਕ ਅਤੇ ਸਵਰਗ ਵੱਖ ਹੈ। ਮਨੁੱਖ ਇਹ ਨਹੀਂ ਜਾਣਦੇ। ਤੁਹਾਡੇ ਵਿੱਚ ਵੀ ਕਿੰਨੇ ਬੱਚੇ ਕੁਝ ਨਹੀਂ ਜਾਣਦੇ ਕਿਉਂਕਿ ਤਕਦੀਰ ਵਿਚ ਨਹੀਂ ਹੈ ਤਾਂ ਪੁਰਸ਼ਾਰਥ ਕੀ ਕਰਨਗੇ? ਕਈਆਂ ਦੀ ਤਕਦੀਰ ਵਿੱਚ ਕੁਝ ਨਹੀਂ ਹੈ, ਕਈਆਂ ਦੀ ਤਕਦੀਰ ਵਿੱਚ ਸਭ ਕੁਝ ਨਹੀਂ ਹੈ। ਤਕਦੀਰ ਪੁਰਸ਼ਾਰਥ ਕਰਵਾਉਂਦੀ ਹੈ। ਤਕਦੀਰ ਨਹੀਂ ਹੈ ਤਾਂ ਪੁਰਸ਼ਾਰਥ ਕੀ ਕਰੋਗੇ? ਇੱਕ ਹੀ ਸਕੂਲ ਹੈ,

ਚਲਦਾ ਰਹਿੰਦਾ ਹੈ। ਕਈ ਬੱਚੇ ਅੱਧ ਵਿੱਚ ਡਿੱਗ ਪੈਂਦੇ, ਕਈ ਚਲਦੇ - ਚਲਦੇ ਮਰ ਜਾਂਦੇ। ਜਨਮ ਲੈਣਾ ਅਤੇ ਕਰਨਾ ਬਹੁਤ ਹੁੰਦਾ ਹੈ। ਇਹ ਨਾਲੇਜ਼ ਕਿੰਨੀ ਵੰਡਰਫੁੱਲ ਹੈ। ਨਾਲੇਜ਼ ਤਾਂ ਬਹੁਤ ਸਹਿਜ ਹੈ, ਬਾਕੀ ਕਰਮਾਤੀਤ ਅਵਸਥਾ ਨੂੰ ਪਾਉਣਾ ਇਸ ਵਿਚ ਹੀ ਸਾਰੀ ਮੇਹਨਤ ਹੈ। ਜਦ ਵਿਕਰਮ ਵਿਨਾਸ਼ ਹੋਣ ਤਾਂ ਹੀ ਤੇ ਉੱਡ ਸਕਣ। ਧਿਆਨ ਨਾਲੋ ਗਿਆਨ ਸ੍ਰੇਸ਼ਠ ਹੈ। ਧਿਆਨ ਵਿੱਚ ਮਾਇਆ ਦੇ ਵਿਘਨ ਬਹੁਤ ਪੈਂਦੇ ਹਨ ਇਸਲਈ ਧਿਆਨ ਨਾਲੋਂ ਗਿਆਨ ਚੰਗਾ ਹੈ। ਇਵੇਂ ਨਹੀਂ ਕਿ ਯੋਗ ਤੋਂ ਗਿਆਨ ਚੰਗਾ ਹੈ। ਧਿਆਨ ਦੇ ਲਈ ਕਿਹਾ ਜਾਂਦਾ ਹੈ। ਧਿਆਨ ਦੇ ਵਿੱਚ ਜਾਣ ਵਾਲੇ ਅੱਜ ਹਨ ਨਹੀਂ। ਯੋਗ ਨਾਲ ਤੇ ਕਮਾਈ ਹੁੰਦੀ ਹੈ, ਵਿਕਰਮ ਵਿਨਾਸ਼ ਹੁੰਦੇ ਹਨ। ਧਿਆਨ ਵਿੱਚ ਕੋਈ ਕਮਾਈ ਨਹੀਂ ਹੈ। ਯੋਗ ਅਤੇ ਗਿਆਨ ਵਿੱਚ ਕਮਾਈ ਹੈ। ਗਿਆਨ ਅਤੇ ਯੋਗ ਬਿਨਾਂ ਹੈਲਦੀ - ਵੈਲਦੀ ਬਣ ਨਹੀਂ ਸਕਦੇ। ਫਿਰ ਇਹ ਘੁੰਮਣ - ਫਿਰਨ ਦੀ ਇੱਕ ਆਦਤ ਪੈ ਜਾਂਦੀ ਹੈ। ਉਹ ਵੀ ਠੀਕ ਨਹੀਂ। ਧਿਆਨ ਨੁਕਸਾਨ ਬਹੁਤ ਕਰਦਾ ਹੈ। ਗਿਆਨ ਵੀ ਹੈ ਸੈਕਿੰਡ ਦਾ। ਯੋਗ ਕੋਈ ਸੈਕਿੰਡ ਦਾ ਨਹੀਂ ਹੈ। ਜਿੱਥੇ ਜਿਉਣਾ ਹੈ ਉਥੇ ਯੋਗ ਲਗਾਉਂਦੇ ਰਹਿਣਾ ਹੈ। ਗਿਆਨ ਤੇ ਸਹਿਜ ਹੈ, ਬਾਕੀ ਐਵਰ ਹੈਲਦੀ, ਨਿਰੋਗੀ ਬਣਨਾ ਇਸ ਵਿਚ ਮਿਹਨਤ ਹੈ। ਸਵੇਰੇ ਉੱਠ ਕੇ ਯਾਦ ਵਿੱਚ ਬੈਠਣ ਵਿੱਚ ਵੀ ਬਹੁਤ ਵਿਘਨ ਪੈਂਦੇ ਹਨ। ਪੁਆਇੰਟ ਨਿਕਲਦੇ ਹਨ ਤਾਂ ਵੀ ਬੁੱਧੀ ਕਿੱਥੇ ਦੀ ਕਿੱਥੇ ਚਲੀ ਜਾਂਦੀ ਹੈ। ਸਭ ਤੋਂ ਜਿਆਦਾ ਤੂਫ਼ਾਨ ਤੇ ਪਹਿਲੇ ਨੰਬਰ ਵਾਲੇ ਨੂੰ ਆਉਣਗੇ ਨਾ। ਸ਼ਿਵਬਾਬਾ ਨੂੰ ਤੇ ਨਹੀਂ ਆ ਸਕਦੇ। ਬਾਬਾ ਹਮੇਸ਼ਾ ਸਮਝਾਉਂਦੇ ਰਹਿੰਦੇ ਹਨ ਤੂਫਾਨ ਤਾਂ ਬਹੁਤ ਆਉਣਗੇ। ਜਿੰਨਾਂ ਯਾਦ ਵਿੱਚ ਰਹਿਣ ਦੀ ਕੋਸ਼ਿਸ਼ ਕਰੋਗੇ, ਉਨਾਂ ਤੂਫ਼ਾਨ ਬਹੁਤ ਆਉਣਗੇ। ਉਨ੍ਹਾਂ ਤੋਂ ਡਰਨਾ ਨਹੀਂ ਹੈ, ਯਾਦ ਵਿੱਚ ਰਹਿਣਾ ਹੈ, ਸਥਿਰ ਹੋਣਾ ਹੈ। ਤੂਫ਼ਾਨ ਕੋਈ ਹਿਲਾ ਨਹੀਂ ਸਕਦਾ, ਇਹ ਅੰਤ ਦੀ ਅਵਸਥਾ ਹੈ। ਇਹ ਹੈ ਰੂਹਾਨੀ ਰੇਸ। ਸ਼ਿਵਬਾਬਾ ਨੂੰ ਯਾਦ ਕਰਦੇ ਰਹੋ। ਇਹ ਵੀ ਸਮਝਣ ਦੀਆਂ ਅਤੇ ਧਾਰਨਾ ਕਰਨ ਦੀਆਂ ਗੱਲਾਂ ਹਨ। ਧਨ ਦਾਨ ਨਹੀਂ ਕਰਨਗੇ ਤਾਂ ਧਾਰਨਾ ਨਹੀਂ ਹੋਵੇਗੀ। ਪੁਰਸ਼ਾਰਥ ਕਰਨਾ ਚਾਹੀਦਾ ਹੈ। ਦੋ ਬਾਪ ਦੀ ਪੁਆਇੰਟ ਕਿਸੇ ਨੂੰ ਸਮਝਾਉਣਾ ਬਹੁਤ ਇਜੀ ਹੈ। ਇਹ ਵੀ ਤੁਸੀਂ ਹੀ ਜਾਣਦੇ ਹੋ - ਬਾਪ 21 ਜਨਮਾਂ ਦਾ ਵਰਸਾ ਦਿੰਦੇ ਹਨ। ਤੁਸੀਂ ਕਹੋਗੇ ਇਨ੍ਹਾਂ ਲਕਸ਼ਮੀ - ਨਾਰਾਇਣ ਨੂੰ ਬਾਪ ਤੋਂ 21 ਜਨਮਾਂ ਦਾ ਵਰਸਾ ਮਿਲਿਆ ਹੈ। ਬਾਪ ਨੇ ਉਨ੍ਹਾਂ ਨੂੰ ਰਾਜਯੋਗ ਸਿਖਾਇਆ ਹੋਰ ਕੋਈ ਮੂੰਹ ਤੋਂ ਕਹਿ ਨਹੀਂ ਸਕਦਾ ਕਿ ਉਨ੍ਹਾਂ ਨੂੰ ਭਗਵਾਨ ਨੇ ਇਹ ਵਰਸਾ ਦਿੱਤਾ ਹੈ। ਦੁਨੀਆ ਵਿਚ ਕੋਈ ਕਿਸ ਗੱਲ ਵਿੱਚ, ਕੋਈ ਕਿਸ ਗੱਲ ਵਿਚ ਖੁਸ਼ ਰਹਿੰਦੇ। ਤੁਸੀਂ ਜਿਸ ਗੱਲ ਤੇ ਖੁਸ਼ ਹੋ ਉਸਨੂੰ ਕੋਈ ਨਹੀਂ ਜਾਣਦੇ। ਮਨੁੱਖ ਤਾਂ ਅਲਪਕਾਲ ਸ਼ਣਭਾਂਗੁਰ ਦੇ ਲਈ ਖੁਸ਼ੀ ਮਨਾਉਂਦੇ ਹਨ। ਤੁਸੀਂ ਹੋ ਸੱਚੇ ਬ੍ਰਾਹਮਣ ਕੁਲਭੂਸ਼ਨ, ਜੋ ਯੋਗੀ ਅਤੇ ਗਿਆਨੀ ਹੋ। ਤੁਹਾਡੇ ਇਸ ਅਤਿੰਦਰੀਏ ਸੁਖ ਦੀ ਖੁਸ਼ੀ ਨੂੰ ਹੋਰ ਕੋਈ ਜਾਣ ਨਹੀਂ ਸਕਦੇ। ਉਹ ਤਾਂ ਕੀ - ਕੀ ਮੱਥਾ ਮਾਰਦੇ ਰਹਿੰਦੇ ਹਨ। ਮੂਨ ਤੇ ਜਾਣ ਦਾ ਪੁਰਸ਼ਾਰਥ ਕਰਦੇ ਹਨ। ਬਹੁਤ ਡੀਫਿਕਲਟ ਮੇਹਨਤ ਕਰਦੇ ਹਨ। ਉਨ੍ਹਾਂ ਸਭਨਾਂ ਦੀ ਮੇਹਨਤ ਬਰਬਾਦ ਹੋ ਜਾਣੀ ਹੈ। ਤੁਸੀਂ ਬਿਨਾਂ ਕੋਈ ਤਕਲੀਫ ਦੇ ਅਜਿਹੀ ਜਗ੍ਹਾ ਜਾਣ ਦਾ ਪੁਰਸ਼ਾਰਥ ਕਰਦੇ ਹੋ ਜਿੱਥੇ ਹੋਰ ਕੋਈ ਜਾ ਨਹੀਂ ਸਕਦੇ। ਇੱਕਦਮ ਉੱਚ ਤੇ ਉੱਚ ਪਰਮਧਾਮ ਵਿੱਚ ਜਾਂਦੇ ਹੋ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਗ੍ਰਿਹਸਥ ਵਿਵਹਾਰ ਵਿਚ ਰਹਿੰਦੇ ਨਸ਼ਟੋਮੋਹਾ ਵੀ ਬਣਨਾ ਹੈ। ਨਾਲ - ਨਾਲ ਸਭ ਨਾਲ ਤੋੜ ਨਿਭਾਉਂਦੇ ਕਮਲ ਫੁੱਲ ਸਮਾਨ ਰਹਿਣਾ ਹੈ।

**2.** ਧਾਰਨਾ ਕਰਨ ਦੇ ਲਈ ਗਿਆਨ ਧਨ ਦਾ ਦਾਨ ਜਰੂਰ ਕਰਨਾ ਹੈ। ਗਿਆਨ ਅਤੇ ਯੋਗ ਨਾਲ ਆਪਣੀ ਕਮਾਈ ਜਮਾ ਕਰਨੀ ਹੈ। ਬਾਕੀ ਧਿਆਨ ਦੀਦਾਰ ਦੀ ਆਸ ਨਹੀਂ ਰੱਖਣੀ ਹੈ।

ਵਰਦਾਨ:- ਸੰਤੁਸ਼ਟਤਾ ਦੇ ਸਰਟੀਫਿਕੇਟ ਦਵਾਰਾ ਭਵਿੱਖ ਰਾਜ - ਭਾਗ ਦਾ ਤਖ਼ਤ ਪ੍ਰਾਪਤ ਕਰਨ ਵਾਲੇ ਸੰਤੁਸ਼ਟ - ਮੂਰਤੀ ਭਵ। ਸੰਤੁਸਟ ਰਹਿਣਾ ਹੈ ਅਤੇ ਸਭ ਨੂੰ ਸੰਤੁਸ਼ਟ ਕਰਨਾ ਹੈ - ਇਹ ਸਲੋਗਨ ਸਦਾ ਤੁਹਾਡੇ ਮੱਥੇ ਰੂਪੀ ਬੋਰਡ ਤੇ ਲਿਖਿਆ ਹੋਇਆ ਹੋਵੇ ਕਿਉਂਕਿ ਇਸੇ ਸਰਟੀਫਿਕੇਟ ਵਾਲੇ ਭਵਿੱਖ ਵਿਚ ਰਾਜ - ਭਾਗ ਦਾ ਸਰਟੀਫਿਕੇਟ ਲੈਣਗੇ। ਤਾਂ ਰੋਜ਼ ਅੰਮ੍ਰਿਤਵੇਲੇ ਇਸ ਸਲੋਗਨ ਨੂੰ ਸਮ੍ਰਿਤੀ ਵਿੱਚ ਲਿਆਓ। ਜਿਵੇਂ ਬੋਰਡ ਤੇ ਸਲੋਗਨ ਲਿਖਦੇ ਹੋ ਇਵੇਂ ਸਦਾ ਆਪਣੇ ਮੱਥੇ ਦੇ ਬੋਰਡ ਤੇ ਇਹ ਸਲੋਗਨ ਦੋੜਾਓ ਤਾਂ ਸਭ ਸੰਤੁਸ਼ਟ ਮੂਰਤੀਆਂ ਹੋ ਜਾਵੋਗੇ। ਜੋ ਸੰਤੁਸ਼ਟ ਹਨ ਉਹ ਸਦਾ ਪ੍ਰਸੰਨ ਹਨ।

ਸਲੋਗਨ:- ਆਪਸ ਵਿੱਚ ਸਨੇਹ ਅਤੇ ਸੰਤੁਸ਼ਟਤਾ ਸੰਪੰਨ ਵਿਵਹਾਰ ਕਰਨ ਵਾਲੇ ਹੀ ਸਫਲਤਾ ਮੂਰਤ ਬਣਦੇ ਹਨ।

******